**ਦੁਨੀਆਂ / ਗੁਰਿੰਦਰ ਗਿੰਦਾ**

ਖੁਸਰਿਆਂ ਦੀ ਟੋਲੀ
ਖੁਸ਼ ਹੋਵੇ ਤਾਂ ਨਚੇਗੀ
ਦੁਖੀ ਹੋਵੇ ਤਾਂ
ਗਾਲ੍ਹਾਂ ਕਢੇਗੀ।

**ਰਿਸ਼ਤੇਦਾਰ/ ਗੁਰਿੰਦਰ ਗਿੰਦਾ**

ਅਜਿਹੀਆਂ ਜੋਕਾਂ
ਜੋ ਚਿੰਬੜਨ ਤਾਂ
ਖੂਨ ਚੂਸਦੀਆਂ ਹਨ
ਛਡਣ ਤਾਂ ਜ਼ਖ਼ਮ
ਦੇ ਜਾਦੀਆਂ ਹਨ।

**ਮਿਲਾਪ/ਗੁਰਿੰਦਰ ਗਿੰਦਾ**

ਤੂੰ ਭਾਵੇ ਚਲਾ ਗਿਆ
ਮੇਰੇ ਮੰਨ ਦੀ ਧਰਤ ਤੇ
ਆਪਣੀ ਸ਼ਖ਼ਸੀਅਤ ਦਾ
ਮੀਂਹ ਵਰਸਾ
ਪਰ ਅੱਜ ਵੀ
ਮੇਰੇ ਮੰਨ ਦੀ
ਧਰਤ 'ਚੋਂ
ਉਠ ਰਹੀ ਮਿੱਟੀ ਦੀ ਮਹਿਕ
ਗਵਾਹ ਹੈ ਕਿ ਅਸੀਂ
ਮਿਲੇ ਸੀ ਕਦੇ
ਸਮੁੰਦਰ'ਚ ਮਿਲਦੀ
ਨਦੀ ਵਾਂਗ।

**ਚੁਰਾਸੀ ਦਾ ਗੇੜ੍ਹ/ ਗੁਰਿੰਦਰ ਗਿੰਦਾ**

ਮਨੁਖ ਦਿਸਣ ਵਾਲੇ
ਇਕ ਜੀਵ ਨੇ
ਦੂਜੇ ਨਾਲ
ਘੁਸਰ-ਮੁਸਰ ਕੀਤੀ
'ਤੇ ਫੇਰ ਖਚਰੀ ਜਹੀ
ਮੁਸਕਾਨ ਮੁਸਕਰਾਇਆ
ਮੈਨੂੰ ਯਾਦ ਆਈ
ਮੀਣੇ ਬੋਲ੍ਹਦ ਦੀ ਸੂਰਤ
'ਤੇ ਚੁਰਾਸੀ ਦੀ ਮਿੱਥ
ਜਿਹੜ੍ਹੀ ਭਰਮ ਤੋਂ
ਯਕੀਨ 'ਚ ਬਦਲ
ਚੁੱਕੀ ਸੀ.......

**ਮੌਤ ਕਿਉਂ ਆਉਂਦੀ ਹੈ...../ ਗੁਰਿੰਦਰ ਗਿੰਦਾ**

ਆਦਮੀ ਨੂ ਇੰਹ
ਅਹਿਸਾਸ ਕਰਾਉਣ ਲਈ
ਕਿ ਹੁਣ ਤੱਕ ਉਹ
ਜ਼ਿੰਦਾ ਸੀ............
ਮੌਤ ਆਉਂਦੀ ਹੈ।

**ਜ਼ਿਦਗੀ/ ਗੁਰਿੰਦਰ ਗਿੰਦਾ**

ਧਰਮ
ਅਰਥ
'ਤੇ ਕਾਮ
ਸ਼ਕਤੀਆਂ ਦਾ
ਯੋਗ ਸੁਮੇਲ।

**ਮੌਤ/ ਗੁਰਿੰਦਰ ਗਿੰਦਾ**

ਮੱਨੂਖ ਦੇ
ਜ਼ਿੰਦਾ ਹੋਣ ਦਾ
ਇਕੋ ਇਕ ਪ੍ਰਮਾਣ
ਮੌਤ........

**ਮੌਤ / ਗੁਰਿੰਦਰ ਗਿੰਦਾ**

ਧਰਮ
ਅਰਥ
'ਤੇ ਕਾਮ
ਸ਼ਕਤੀਆਂ ਖੋਹਣ
ਵਾਲੀ ਤਾਕਤ।

**ਸਿਫਾਰਸ਼ / ਗੁਰਿੰਦਰ ਗਿੰਦਾ**

ਚਾਨਣ ਆਇਆ ਸੀ
ਮੇਰੀ ਸਰਦਲ 'ਤੇ
ਪਰ ਘਰ ਦੇ ਹਨੇਰੇ
ਉਸਨੂੰ ਸਰਦਲ ਨਾ
ਟੱਪਣ ਦਿੱਤੀ
'ਤੇ ਵਾਪਸ ਮੋੜ ਦਿੱਤਾ
ਕਿਸੇ ਸੂਰਜ ਦੀ
ਸਿਫਾਰਸ਼ ਲਿਆਉਣ
ਅਗਲੀ ਸਵੇਰ
ਜਦੋਂ ਸੂਰਜ ਆਇਆ
ਚਾਨਣ ਦੇ ਨਾਲ
ਸਰਦਲ ਟੱਪ
ਤਾਂ ਅੰਦਰ ਚਾਨਣ ਸੀ
ਚਹੁੰ ਪਾਸੀ
ਹਨੇਰਾ ਲਾਪਤਾ ਸੀ
ਸੂਰਜ ਮੁਸਕਰਾਇਆ
'ਤੇ ਵਾਪਸ ਪਰਤ ਗਿਆ।